ਟ੍ਰੈਕਟ ਨੰਃ ੭੯੮

ਆਗਾਹਾ ਕੁ ਤਾਘਿ ਪਿਛਾ ਛੋਰਿ ਨ ਮੁਹਛੜਾ ॥
ਸ੍ਰੀ ਅਕਾਲ

ਫ਼ਾ: ਟ੍ਰੈਕਟ ਸੁ: ਅੰ:

ਕੀ ਧਰਮ ਮਨੁਖ ਦੀ ਉੱਨਤੀ ਦੇ ਰਾਹ ਦੀ ਰੋਕ ਹੈ ?

ਜਿਸਨੂੰ

ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ

(ਰਜਿਸਟਰਡ ਮੁਤਾਬਕ ਐਕਟ ੨੧ ਸੰਨ ੧੯੬੦) ਨੇ

ਪ੍ਰਕਾਸ਼ਤ ਕੀਤਾ ।

ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਵਿਚ
ਸ੍ਰਦਾਰ ਲਖਬੀਰ ਸਿੰਘ ਜੀ ਮੈਨੇਜਰ ਤੇ
ਪ੍ਰਿੰਟਰ ਦੇ ਯਤਨ ਨਾਲ ਛਪਿਆ ।

[੩੦ ਮਾਰਚ ੧੯੩੯] ਮੋਲ –)

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

—o—

ਕੀ ਧਰਮ ਮਨੁਖ ਦੀ ਉੱਨਤੀ ਦੇ ਰਾਹ ਦੀ ਰੋਕ ਹੈ ?

ਇਸ ਪ੍ਰਸ਼ਨ ਦਾ ਉਤਰ ਦੇਣ ਲਗਿਆਂ ਸਭ ਤੋਂ ਪਹਿਲਾਂ ਇਹ ਗਲ ਅੱਖਾਂ ਦੇ ਸਾਹਮਣੇ ਆ ਜਾਂਦੀ ਹੈ ਕਿ ਮਨੁਖ ਦੀ ਅਸਲੀਅਤ ਤੇ ਇਹਦਾ ਦਰਜਾ ਕੀ ਹੈ ? ਫਿਰ ਇਹਦੀ ਉਨਤੀ ਦਾ ਅੰਤ ਕੀ ਹੈ ਜਿਸਦੀ ਪ੍ਰਾਪਤੀ ਵਿਚ ਧਰਮ ਰੁਕਾਵਟ ਪਾਂਦਾ ਹੈ? ਇਹ ਹੀ ਦੋ ਪ੍ਰਸ਼ਨ ਹਨ ਜਿਨ੍ਹਾਂ ਤੋਂ ਆਤਮ-ਵਾਦ ਤੇ ਮਾਯਾ ਵਾਦ ਸ਼ੁਰੂ ਹੁੰਦਾ ਹੈ।

ਮਨੁਖ ਆਪਣੀ ਸ਼ਰੀਰਕ ਬਨਾਵਟ ਦੇ ਪਹਿਲੂ ਤੋਂ ਹੋਰ ਪਸ਼ੂਆਂ ਵਾਂਗ ਹੈ, ਕਿੰਤੂ ਇਹ ਦੀ ਸਮਝ ਤੇ ਬੁਧੀ ਇਸ ਤਰਾਂ ਦੀ ਹੈ ਕਿ ਇਹਦੇ ਨਾਲ ਇਹ ਇਸ ਸਾਰੇ ਦ੍ਰਿਸ਼ਟਮਾਨ ਜਗਤ ਤੇ ਆਪਣੀ ਸਿਕਦਾਰੀ ਜਮਾਈ ਬੈਠਾ ਹੈ, ਪਰ ਇਹਦੇ ਵਿਚ ਇਨੀ ਸਮੱਰਥਾ ਨਹੀਂ

ਹੈ ਕਿ ਦ੍ਰਿਸ਼ਟਮਾਨ ਚੀਜ਼ਾਂ ਦੇ ਟਾਕਰੇ ਦੀ ਕੋਈ ਅਜਿਹੀ ਚੀਜ਼ ਬਣਾਸਕੇ ਜਿਸਦੇਵਿਚ ਦ੍ਰਿਸ਼ਟਮਾਨ ਜਗਤ ਦੇ ਪਦਾਰਥਾਂ ਦਾ ਕੋਈ ਹਿੱਸਾ ਤੇ ਤਰਤੀਬ ਨਾ ਹੋਵੇ। ਜੇ ਇਸ ਵੇਲੇ ਤਕ ਮਨੁਖ ਨੇ ਕੁਝ ਕੰਮ ਕੀਤਾ ਹੈ ਤਦ ਸੰਸਾਰ ਦੇ ਪਦਾਰਥਾਂ ਵਿਚ ਹੇਰਾਫੇਰੀ ਕਰਕੇ ਆਪਣੀ ਲੋੜ ਦਾ ਸਾਮਾਨ ਉਤਪੰਨ ਕੀਤਾ ਹੈ, ਇਹਦੇ ਵਿਚ ਇੰਨੀ ਵੀ ਬੁਧੀ ਨਹੀਂ ਕਿ ਇਹ ਸੋਚ ਸਕੇ ਕਿ ਇਸ ਸੰਸਾਰ ਦੇ ਪਦਾਰਥਾਂ ਤੋਂ ਵਧੀਕ ਹੋਰ ਕੀ ਹੋਣਾ ਚਾਹੀਦਾ ਹੈ ?

ਮਨੁਖ ਦਾ ਇਕ ਹੋਰ ਦਰਜਾ ਵੀ ਹੈ, ਉਹ ਇਹ ਕਿ ਜੇ ਕਦੀ ਮਨੁਖ ਉੱਕਾ ਹੀ ਇਕੱਲਾ ਰਹੇ, ਤਦ ਇਹਨੂੰ ਨਾ ਤਾਂ ਉੱਨਤੀ ਦੀ ਲੋੜ ਹੈ ਤੇ ਨਾਂ ਉਹ ਕਿਸੇ ਉੱਨਤੀ ਦੇ ਯੋਗ ਹੈ,ਮਨੁਖ ਆਪਣੀਆਂ ਕੋਸ਼ਸ਼ਾਂ ਤੇ ਯਤਨਾਂ ਨਾਲ ਬਿਨਾਂ ਕਿਸੇ ਦੂਜੇ ਦੀ ਸਹਾਇਤਾ ਦੇ ਕੁਝ ਵੀ ਤਰੱਕੀ ਨਹੀਂ ਕਰ ਸਕਦਾ, ਜੇ ਉਹ ਅਜਿਹਾ ਕਰੇ ਤਦ ਥੱਕ ਕੇ ਫੌਰਨ ਮਰ ਜਾਵੇ ਤੇ ਇਸ ਇਛਾ ਨਾਲ ਉਹ ਕਦੇ ਤਰੱਕੀ ਨਹੀਂ ਕਰੇਗਾ, ਉਹ ਇਸ ਤੋਂ ਵਧੀਕ ਕਦੇ ਇੱਛਾ ਵੀ ਨਹੀਂ ਕਰ ਸਕਦਾ ਕਿ ਕੁਦਰਤ ਦੀ ਦਾਤ ਤੋਂਬਿਨਾਂ ਆਪ-

ਣੀਆਂ ਲੋੜਾਂ ਤੇ ਥੋੜਾਂ ਪੂਰੀਆਂਕਰਸਕੇ,ਤੇਬਸ। ਜੇ ਕਦੀ ਕਿਧਰੇ ਕੁਦਰਤ ਦੀ ਵਿਰੋਧਤਾ ਨੇ ਇਸ ਦੇ ਜੀਉਣ ਦੇ ਸਾਮਾਨ ਨੂੰ ਮਿਟਾ ਦਿਤਾ ਤਾਂ ਇਹ ਉਥੇ ਟੁਰ ਜਾਏ ਜਿਥੇ ਕੁਦਰਤੀ ਕੰਮ ਤੇ ਰੋਜ਼ੀ ਦੇਸਾਮਾਨ ਪ੍ਰਾਪਤ ਨਾ ਹੋਣ। ਇਹ ਸੰਭਵ ਹੈ ਕਿ ਥਾਂ ਬਦਲਨ ਦੇ ਦੁਖ ਨਾਲ ਇਹ ਵੀ ਜਾਨ ਨਿਕਲ ਜਾਏ। ਜਦ ਇਹ ਇਕ ਤੋਂ ਵਧੀਕ ਹੁੰਦਾ ਹੈ ਤਦ ਕੁਦਰਤ ਦੀ ਦਾਤ ਜੋਹੜੀ ਇਸ ਇਕੱਲੇ ਨੂੰ ਪ੍ਰਾਪਤ ਸੀ, ਤੇ ਜਿਨਾਂ ਨੂੰ ਇਹ ਆਪਣੀ ਜਾਨ ਦੇ ਬਚਾਨ ਲਈ ਕਾਇਮ ਰਖਣਾ ਚਹੁੰਦਾ ਸੀ ਤੇ ਆਪਣੀ ਇਕੱਲ ਤੇ ਓਪਰਾਪਨ ਨੂੰ ਪਜਾਰ ਤੇ ਮੁਹਬਤ ਵਿਚ ਬਦਲਨ ਵਾਸਤੇ ਇਨਾਂ ਕੁਦਰਤੀ ਦਾਤਾਂ ਵਿਚੋਂ ਦੂਜੇ ਲਈ ਰਖ ਛਡੇ, ਭਾਵ ਇਹ ਕਿ ਪਜਾਰੇ ਦੀ ਪ੍ਰਾਪਤੀ ਲਈ ਇਸ ਨੂੰ ਮਾਇਕ ਪਦਾਰਥਾਂ ਦੀ ਭੇਟਾ ਤੇ ਕੁਰਬਾਨੀ ਕਰਨਾ ਜ਼ਰੂਰੀ ਜਾਪਦਾ ਹੈ।ਇਸੇ ਦਾ ਨਾਮ ਬਦਲਾ ਤੇ ਤਰਸ ਹੈ,ਇਸੇ ਤੋਂ ਮਨੁਖਾਂ ਦੀ ਜਮਾਤ ਬਣਦੀ ਹੈ, ਅਤੇ ਇਹ ਹੀ ਤਰਸ ਦਾ ਬਦਲਾ ਉਹਨੂੰ ਮਜਬੂਰ ਕਰਦਾ ਹੈ ਕਿ ਲੋੜ ਪੈਣ ਤੇ ਉਹ ਨਾਂ ਕੇਵਲ ਖਾਣ ਪੀਣ ਦੇ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.